ਮੂਲ ਮੰਤ੍ਰ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਪੰਥਕ ਰਹਿਤ ਮਰਿਯਾਦਾ ਵਿੱਚ ਜਿਵੇਂ ਸਿੱਖ ਦੀ ਤਾਰੀਫ, ਸਿੱਖ ਦੀ ਰਹਿਣੀ, ਸਖਸ਼ੀ ਰਹਿਣੀ, ਨਾਮ ਬਾਣੀ ਦਾ ਅਭਿਆਸ, ਨਿੱਤਨੇਮ ਦੀਆਂ ਬਾਣੀਆਂ ਦੇ ਨਾਮ ਆਦਿ ਲਿਖੇ ਮਿਲਦੇ ਹਨ ਪਰ ਉਚੇਚੇ ਤੌਰ 'ਤੇ ਗੁਰਮੰਤ੍ਰ ਅਤੇ ਮੂਲ ਮੰਤ੍ਰ ਲਿਖਿਆ ਕਿਧਰੇ ਵੀ ਨਹੀਂ ਮਿਲਦਾ। ਅੰਮ੍ਰਿਤ ਸੰਸਕਾਰ ਸਬੰਧੀ ਕੁਝ ਇੰਜ ਲਿਖਿਆ ਮਿਲਦਾ ਹੈ:

"ਉਪ੍ਰੰਤ ਪੰਜੇ ਪਿਆਰੇ ਰਲ ਕੇ ਇੱਕੋ ਆਵਾਜ਼ ਨਾਲ ਅੰਮ੍ਰਿਤ ਛੱਕਣ ਵਾਲਿਆਂ ਨੂੰ ਵਾਹਿਗੁਰੂ ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਨਾਉਣ ਤੇ ਉਨ੍ਹਾਂ ਪਾਸੋਂ ਇਸ ਦਾ ਰਟਨ ਕਰਾਉਣ - "**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**"

ਭਾਈ ਗੁਰਦਾਸ ਜੀ ਨੇ ਮੂਲ ਮੰਤ੍ਰ ਦਾ ਵੇਰਵਾ ਨਿਖੇੜ ਕੇ ਕਿਤੇ ਨਹੀਂ ਦਿੱਤਾ ਪਰ ਵਾਹਿਗੁਰੂ ਗੁਰਮੰਤ੍ਰ ਹੋਣ ਦਾ ਸੰਕੇਤ ਜ਼ਰੂਰ ਦਿੱਤਾ ਹੈ:

- ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ॥ ਆਪੁ ਗਵਾਏ ਆਪਿ ਹੈ ਗੁਣ ਗੁਣੀ ਪਰੋਈ॥ (ਭਾ: ਗੁ: ੧੩,੨)

ਗੁਰਮਤ ਮਾਰਤੰਡ ਪੁਸਤਕ ਵਿੱਚ ਗੁਰ ਦੀਖਿਆ, ਗੁਰ ਮੰਤ੍ਰ, ਮੂਲ ਮੰਤ੍ਰ ਸਿਰਲੇਖ ਹੇਠ ਇੰਜ ਲਿਖਿਆ ਮਿਲਦਾ ਹੈ:

- ਅੰਮ੍ਰਿਤ ਆਦਿਕ ਸੰਸਕਾਰਾਂ ਵੇਲੇ ਜੋ ਗੁਰਮੰਤ੍ਰ ਅਤੇ ਮੂਲ ਮੰਤ੍ਰ ਦਾ ਉਪਦੇਸ਼ ਦਿੱਤਾ ਜਾਂਦਾ ਹੈ, ਉਸ ਦਾ ਨਾਉਂ ਗੁਰ ਦੀਖਿਆ ਹੈ।

- **ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ**, ਮੂਲ ਮੰਤਰ ਹੈ।

- ਮਹਾਨ ਕੋਸ਼ ਵਿੱਚ ਮੂਲ ਮੰਤ੍ਰ ਬਾਰੇ ਇੰਜ ਲਿਖਿਆ ਹੈ:

(੧) ਸਾਰੇ ਮੰਤ੍ਰਾਂ ਦੀ ਜੜ੍ਹ ਓਅੰਕਾਰ। (੨) ਸਿੱਖ ਮਤ ਅਨੁਸਾਰ ੧ਓ ਤੋਂ ਪ੍ਰਸਾਦਿ ਤੱਕ ਲਿਖਿਆ ਹੈ **"ਮੂਲ ਮੰਤ੍ਰ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥** (੧੦੪੦)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੂਲ ਮੰਤ੍ਰ ੧ਓ ਤੋਂ ਗੁਰ ਪ੍ਰਸਾਦਿ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤੇਤੀ ਵਾਰੀ ਲਿਖਿਆ ਹੈ। ਪਰ ਅਫ਼ਸੋਸ ਸਾਡੇ ਕਹੌਤੀ ਡੇਰੇਦਾਰਾਂ, ਸਾਧਾਂ ਸੰਤਾਂ, ਮਹਾਂਪੁਰਖਾਂ ਤੇ ਟਕਸਾਲਾਂ ਨੂੰ ਗੁਰੂ ਸਾਹਿਬ ਦਾ ਇਹ ਲਿਖਣ ਢੰਗ ਮਨਜ਼ੂਰ ਨਹੀਂ, ਮੂਲ ਮੰਤ੍ਰ ਨੂੰ ਅੱਗੇ **"ਨਾਨਕ ਹੋਸੀ ਭੀ ਸਚੁ"** ਤੱਕ ਲਿਖਣਾ ਅਤੇ ਪ੍ਰਚਾਰਨਾ ਅਰੰਭ ਕੀਤਾ ਹੋਇਆ ਹੈ। ਮੂਲ ਮੰਤ੍ਰ, ਗੁਰ ਮੰਤ੍ਰ ਤੇ ਮਹਾਂ ਮੰਤ੍ਰ ਆਦਿ ਦਾ ਗਿਆਨ ਦਿੱਤਾ ਜਾਂਦਾ ਹੈ।

ਗੁਰਮਤਿ ਦੇ ਹਰ ਸਿਧਾਂਤ ਦੀ ਵਿਆਖਿਆ ਗੁਰਬਾਣੀ ਰਾਹੀਂ ਹੀ ਮਿਲਦੀ ਹੈ। ਸਾਡੇ ਪਾਸ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਆਪਣੇ ਅਸਲੀ ਸਰੂਪ ਵਿੱਚ ਮੌਜੂਦ ਹਨ ਜਿਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਦੁਸ਼ਮਣਾਂ ਦੀ ਛੇੜ ਛਾੜ ਤੋਂ ਪੂਰਨ ਤੌਰ ਤੇ ਬਚੇ ਹੋਏ ਹਨ। ਮੂਲ ਮੰਤ੍ਰ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਣਾ ਕੁਝ ਇਸ ਤਰ੍ਹਾਂ ਹੈ:

- ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ॥
ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ॥ (੫੧)

ਗੁਰ ਮੰਤ੍ਰ ਦਾ ਅਰਥ ਹੈ ਗੁਰੂ ਉਪਦੇਸ਼। ਕੋਈ ਖ਼ਾਸ ਅੱਖਰ ਜਾਂ ਕੋਈ ਖ਼ਾਸ ਸ਼ਬਦ ਜਾਂ ਕੋਈ ਖ਼ਾਸ ਬਾਣੀ ਕਰਾਮਾਤੀ ਮੰਤ੍ਰ ਸਮਝ ਕੇ ਉਸ ਦੇ ਜਾਪ ਨੂੰ ਕਰਾਮਾਤੀ ਸ਼ਕਤੀਆਂ ਨਾਲ ਜੋੜਨਾ ਬਿਪ੍ਰਵਾਦ ਹੈ।

- ਸਚ ਬਿਨੁ ਸਤੁ ਸੰਤੋਖੁ ਨ ਪਾਵੈ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ॥
ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥ (੧੦੪੦)

ਸਤਿਗੁਰਾਂ ਨੇ ਕਿਸੇ ਬਾਣੀ ਨੂੰ ਨਹੀਂ ਸਗੋਂ ਕੇਵਲ ਪ੍ਰਭੂ ਦੇ ਨਾਮ ਨੂੰ ਹੀ ਮੂਲ ਮੰਤ੍ਰ ਫੁਰਮਾਇਆ ਹੈ। ਮਹਾਂ ਮੰਤ੍ਰ ਬਾਰੇ ਵੀ ਗੁਰੂ ਦੀ ਮਤਿ ਸਮਝੀਏ:

- ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥
ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ॥ (੩੮੪)

- ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ॥
ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ॥ (੮੧੪)

ਦੋਹਾਂ ਗੁਰ ਸ਼ਬਦਾਂ ਵਿੱਚ ਸਤਿਗੁਰਾਂ ਨੇ ਕਿਸੇ ਬਾਣੀ ਨੂੰ ਨਹੀਂ, ਕੇਵਲ ਪ੍ਰਮਾਤਮਾ ਦੇ ਨਾਮ ਨੂੰ ਹੀ ਮਹਾਂ ਮੰਤ੍ਰ ਕਿਹਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਅਜੇਹਾ ਕੋਈ ਸ਼ਬਦ ਨਹੀਂ ਹੈ ਜਿਥੋਂ ਕੋਈ ਡੇਰੇਦਾਰ ਜਾਂ ਉਪਦੇਸ਼ਕ ਕਿਸੇ ਖ਼ਾਸ ਬਾਣੀ ਨੂੰ ਮੂਲ ਮੰਤ੍ਰ, ਮਹਾਂ ਮੰਤ੍ਰ ਅਥਵਾ ਮਾਲਾ ਮੰਤ੍ਰ ਸਿੱਧ ਕਰ ਸਕਦਾ ਹੋਵੇ। ਅਜੇਹੇ ਬਚਨ ਕੇਵਲ ਬ੍ਰਾਹਮਣੀ ਵਿੱਦਿਆ ਨਾਲ ਹੀ ਸੰਬੰਧ ਰੱਖਦੇ ਹਨ ਅਤੇ ਲੋਕਾਂ ਦੇ ਮਨਾਂ ਵਿੱਚ ਮੰਤ੍ਰਾਂ ਦੀਆਂ ਕਥਿਤ ਕਰਾਮਾਤਾਂ ਦਾ ਭਰਮ ਪਾਉਣ ਲਈ ਹੀ ਅਜੇਹੇ ਉਪਰਾਲੇ ਕੀਤੇ ਹੋਏ ਹਨ।

- ਮਨਿ ਆਨੰਦੁ ਮੰਤ੍ਰੁ ਗੁਰਿ ਦੀਆ॥ ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ॥ (੩੮੭)

- ਸਤਿਗੁਰਿ ਮੰਤ੍ਰੁ ਦੀਉ ਹਰਿ ਨਾਮ॥ ਇਹ ਆਸਰ ਪੂਰਨ ਭਏ ਕਾਮ॥ (੧੯੬)

- ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥ (੧੩੫੬)

- ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥ (੧੩੫੭)

ਗੁਰੂ ਦਾ ਮੰਤ੍ਰ, ਗੁਰੂ ਦਾ ਉਪਦੇਸ਼, ਗੁਰੂ ਦੀ ਸਿੱਖਿਆ ਅਤੇ ਗੁਰੂ ਦੇ ਬਚਨਾਂ ਅਨੁਸਾਰ ਜੀਵਨ ਢਾਲ ਲੈਣ ਵਿੱਚ ਹੀ ਸਾਰੀਆਂ ਕਰਾਮਾਤੀ ਸ਼ਕਤੀਆਂ ਹਨ। ਗੁਰੂ ਦਾ ਮੰਤ੍ਰ, ਉਪਦੇਸ਼, ਦੀਖਿਆ, ਸਿੱਖਿਆ ਅਥਵਾ ਸਤਿਗੁਰਾਂ ਦੇ ਬਚਨ ਕੇਵਲ ਸੁਣ ਲੈਣ ਦਾ ਕੋਈ ਲਾਭ ਨਹੀਂ। ਗੁਰੂ ਦੀ ਸਿੱਖਿਆ ਤੇ ਤੁਰਨ ਤੇ ਹੀ ਗੁਰੂ ਬਚਨਾਂ ਦਾ ਫਲ ਹੈ। ਉਹ ਫਲ ਕਿਹੋ ਜਿਹਾ ਹੈ?, ਆਉ ਸਤਿਗੁਰਾਂ ਤੋਂ ਹੀ ਪੁੱਛੀਏ:

- ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ॥ ਗੁਰਿ ਪੂਰੈ ਮੇਰੀ ਪੈਜ ਰਖਾਈ॥
ਗੁਰ ਕੈ ਬਚਨਿ ਧਿਆਇਓ ਮੋਹਿ ਨਾਉ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ॥ਰਹਾਉ॥
ਗੁਰ ਕੈ ਬਚਨਿ ਸੁਣਿ ਰਸਨ ਵਖਾਣੀ॥ ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ॥
ਗੁਰ ਕੈ ਬਚਨਿ ਮਿਟਿਆ ਮੇਰਾ ਆਪੁ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ॥
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ॥
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ॥

ਗੁਰ ਕੈ ਬਚਨਿ ਮੇਰੇ ਕਾਰਜ ਸਿਧਿ॥ ਗੁਰ ਕੈ ਬਚਨਿ ਪਾਇਆ ਨਾਉ ਨਿਧਿ॥
ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ॥
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ॥ (੨੩੯)

ਆਪਣੇ ਮਨ ਦੀ ਮਤਿ ਅਤੇ ਸਿਆਣਪ ਤਿਆਗ ਕੇ ਗੁਰੂ ਉਪਦੇਸ਼ ਹਿਰਦੇ ਵਿੱਚ ਵਸਾ ਲੈਣ ਨਾਲ ਉੱਚੇ ਭਾਗਾਂ ਵਾਲੇ ਬਣੀਦਾ ਹੈ:

- ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ॥
ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ॥ (੨੬੦)

- ਪੂਰੇ ਗੁਰ ਕੀ ਪੂਰੀ ਦੀਖਿਆ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ॥ (੨੯੩)

ਪੂਰਨ ਗੁਰੂ ਦੀ ਸਿੱਖਿਆ ਹਰ ਪੱਖੋਂ ਪੂਰਨ ਹੁੰਦੀ ਹੈ। ਗੁਰੂ ਦੀ ਸਿੱਖਿਆ ਮਨ ਵਿੱਚ ਵਸਾ ਕੇ ਉਸ ਅਨੁਸਾਰ ਜੀਵਨ ਢਾਲ ਲੈਣ ਨਾਲ ਪ੍ਰਭੂ ਦੀ ਪਛਾਣ ਆ ਜਾਂਦੀ ਹੈ ਅਤੇ ਪ੍ਰਮਾਤਮਾ ਨਾਲ ਪਿਆਰ ਬਣ ਜਾਂਦਾ ਹੈ। ਗੁਰੂ ਦੀ ਸਿੱਖਿਆ ਧਿਆਨ ਨਾਲ ਸੁਣ ਕੇ ਉਸ ਅਨੁਸਾਰ ਆਪਣੀ ਜੀਵਨ ਜੁਗਤੀ ਬਣਾ ਲੈਣ ਨਾਲ ਹਉਮੈ ਦਾ ਨਾਸ ਹੁੰਦਾ ਹੈ ਅਤੇ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਹਿਰਦੇ ਵਿੱਚ ਆ ਵਸਦਾ ਹੈ।

- ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ॥
ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ॥ (੫੧੧)

ਕਿਸੇ ਸ਼ਬਦ ਜਾਂ ਕਿਸੇ ਖ਼ਾਸ ਬਾਣੀ ਦੇ ਜਾਪ ਨਾਲ ਕਰਾਮਾਤਾਂ ਜੋੜ ਕੇ ਭੁਲੇਖੇ ਪਾਉਣ ਵਾਲੇ ਉਪਦੇਸ਼ਕ ਅਤੇ ਡੇਰੇਦਾਰ ਕਥਿਤ ਮਹਾਂਪੁਰਸ਼ ਸਭ ਬਿਪ੍ਰ ਦੇ ਏਜੰਟ ਹਨ ਅਤੇ ਗੁਰਸਿੱਖ ਦੇ ਅੰਦਰੋਂ ਗੁਰੂ ਦੇ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਣਾ ਲੈਣ ਦੀ ਇੱਛਾ ਨੂੰ ਖ਼ਤਮ ਕਰ ਦੇਣ ਦਾ ਬੱਜਰ ਪਾਪ ਕਰ ਰਹੇ ਹਨ। ਕਿਸੇ ਬਾਣੀ ਦੇ ਜਾਂ ਕਿਸੇ ਸ਼ਬਦ ਦੇ ਜਾਪ ਨਾਲ ਕਾਰਜ ਸਿੱਧ ਕਰ ਸਕਣ ਦੇ ਭਰਮ ਵਿੱਚ ਫਸਿਆ ਮਨੁੱਖ ਇਸ ਗੁਰੂ ਫੁਰਮਾਨ ਨੂੰ ਸਮਝਣ ਦੀ ਲੋੜ ਮੁਕਾ ਚੁੱਕਾ ਹੁੰਦਾ ਹੈ:

- ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥ ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥
ਕਰਿ ਕਿਰਪਾ ਪਾਰਿ ਉਤਾਰਿਆ॥ (੪੭੦)

ਜਿਸ ਮਨੁੱਖ ਦੇ ਹਿਰਦੇ ਵਿੱਚ ਪ੍ਰਭੂ ਦੀ ਯਾਦ ਟਿਕੀ ਰਹਿੰਦੀ ਹੈ ਉਸ ਤੇ ਕਿਸੇ ਪ੍ਰਕਾਰ ਦਾ ਜਾਦੂ ਟੂਣਾ ਅਸਰ ਨਹੀਂ ਕਰ ਸਕਦਾ:

- ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥ ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ॥ (੯੧੭)

ਜਾਪ ਸਾਹਿਬ ਵਿੱਚ ਵੀ ਕਲਗੀਧਰ ਦਾ ਫੁਰਮਾਨ ਹੈ:

- ਨਮੋ ਮੰਤ੍ਰ ਮੰਤ੍ਰੰ॥ ਨਮੋ ਜੰਤ੍ਰ ਜੰਤ੍ਰੰ॥ ਨਮੋ ਇਸਟ ਇਸਟੇ॥ ਨਮੋ ਤੰਤ੍ਰ ਤੰਤ੍ਰੰ॥ (ਜਾਪੁ ਸਾਹਿਬ)

- ਨਮੋ ਸਰਬ ਗਿਆਨੰ॥ ਨਮੋ ਪਰਮ ਤਾਨੰ॥ ਨਮੋ ਸਰਬ ਮੰਤ੍ਰੰ॥ ਨਮੋ ਸਰਬ ਜੰਤ੍ਰੰ॥ (ਜਾਪੁ ਸਾਹਿਬ)

- ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ॥ ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ॥ (ਜਾਪੁ ਸਾਹਿਬ)

ਹੇ ਪ੍ਰਭੂ! ਤੈਨੂੰ ਨਮਸਕਾਰ ਹੈ, ਤੂੰ ਸਭ ਜੀਵਾਂ ਦੇ ਦਿਲਾਂ ਦੀ ਜਾਣਦਾ ਹੈਂ, ਤੂੰ ਜਗਤ ਰੂਪ ਵੱਡੇ ਖਿਲਾਰੇ ਵਾਲਾ ਹੈਂ, ਤੂੰ ਹੀ ਸਾਰੇ ਮੰਤ੍ਰਾਂ ਦਾ ਮੰਤ੍ਰ ਹੈਂ, ਤੇਰਾ ਨਾਮ ਹੀ ਸਭ ਨੂੰ ਵੱਸ ਕਰਨ ਵਾਲਾ ਸਾਧਨ ਹੈ। ਹੇ ਪ੍ਰਭੂ! ਤੈਨੂੰ ਨਮਸਕਾਰ ਹੈ, ਸਭ ਤੋਂ ਕਠਨ ਜੋਗ ਅਤੇ ਸਭ ਤੋਂ ਉੱਚਾ ਗਿਆਨ ਤੂੰ ਹੀ ਹੈਂ, ਤੂੰ ਹੀ ਮਹਾਂ ਮੰਤ੍ਰ ਹੈਂ, ਤੂੰ ਹੀ ਸਭ ਤੋਂ ਡੂੰਘੀ ਸਮਾਧੀ ਹੈਂ।

ਕਥਿਤ ਤੌਰ 'ਤੇ ਕਰਾਮਾਤੀ ਸ਼ਕਤੀਆਂ ਵਾਲੇ ਜੰਤ੍ਰਾਂ ਮੰਤ੍ਰਾਂ ਦੀ ਖੰਡਣਾ ਕਰਕੇ ਪ੍ਰਭੂ ਨਾਮ ਦੇ ਸ੍ਰੇਸ਼ਟ ਮੰਤ੍ਰ ਨਾਲ ਜੁੜਨ ਦਾ ਉਪਦੇਸ਼ ਦੇਣ ਵਾਲੇ ਹੋਰ ਅਨੇਕਾਂ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਹੈ:

- ਅਉਖਧ ਮੰਤ੍ਰ ਤੰਤ ਸਭਿ ਛਾਰੁ॥ ਕਰਣੈਹਾਰੁ ਰਿਦੇ ਮਹਿ ਧਾਰੁ॥ (੧੯੬)

- ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ॥ ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ॥ (੩੮੬)

- ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ॥ (੪੭੭)

- ਸਦਾ ਹਜੂਰਿ ਜਾਨੁ ਭਗਵੰਤ॥ ਪੂਰੇ ਗੁਰ ਕਾ ਪੂਰਨ ਮੰਤ॥ (੮੬੭)

- ਕਿਨਹੀ ਤੰਤ ਮੰਤ ਬਹੁ ਖੇਵਾ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ॥ (੯੧੩)

- ਅਵਰੁ ਨ ਅਉਖਧੁ ਤੰਤ ਨ ਮੰਤਾ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ॥ (੪੧੬)

- ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰੁ ਮੁਖਿ ਗਰੁੜਾਰੀ॥
  ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ॥ (੧੨੦੯)

- ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
  ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥ (੧੩੮੪)

- ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ॥
  ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ॥ (੯੭੮)

- ਆਠ ਪਹਰ ਗਾਵਤ ਭਗਵੰਤੁ॥ ਸਤਿਗੁਰਿ ਦੀਨੋ ਪੂਰਾ ਮੰਤੁ॥ (੧੧੫੦)

- ਅਗਮ ਅਗੋਚਰ ਸਦਾ ਬੇਅੰਤਾ॥ ਸਿਮਰਿ ਮਨਾ ਪੂਰੇ ਗੁਰ ਮੰਤਾ॥ (੧੮੪)

- ਪੂਰਾ ਗੁਰੁ ਅਖ੍ਓ ਜਾ ਕਾ ਮੰਤ੍ਰ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ॥ (੨੮੭)

- ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ॥ ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ॥ (੩੮੬)

- ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ॥
  ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ॥ (੩੮੪)

- ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ (੮੬੪)

- ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ॥ ਗੁਰ ਮੰਤ੍ਰੁੜਾ ਚਿਤਾਰਿ ਨਾਨਕ ਦੁਖੁ ਨ ਥੀਵਈ॥ (੫੨੧)

- ਕਹਿ ਕਬੀਰ ਜਾ ਕਾ ਨਹੀ ਅੰਤੁ॥ ਤਿਸ ਕੇ ਆਗੇ ਤੰਤੁ ਨ ਮੰਤੁ॥ (੯੭੧)

- ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ॥ (੧੩੮੮)

– ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥ (੧੧੩੬)

– ਬਾਣੀ ਮੰਤ੍ਰੁ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥ (੧੨੦੮)

– ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ ਗੁਰਿ ਮੰਤ੍ਰੁ ਦੀਓ ਹਰਿ ਭੰਞੁ॥ (੧੧੭੯)

– ਭਲੀ ਸੁ ਕਰਨੀ ਸੋਭਾ ਧਨਵੰਤ॥ ਹਿਰਦੈ ਬਸੇ ਪੂਰਨ ਗੁਰ ਮੰਤ॥ (੨੯੦)

– ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ॥
ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ॥
ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ॥
ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ॥
ਸਾ ਵਡਭਾਗਣਿ ਸਦਾ ਸੋਹਾਗਣਿ ਰਾਮ ਨਾਮ ਗੁਣ ਚੀਨੇ॥
ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾ ਰਸਿ ਭੀਨੇ॥ (੭੮੨)